Greater Manchester Cancer

NHS in Greater Manchester

# ਆਪਣਾ ਐਫ ਆਈ ਟੀ ਟੈਸਟ (ਫੀਸ਼ਲ ਅਮਿਉਨੋਕੈਮਿਕਲ ਟੈਸਟ) ਪੂਰਾ ਕਰਨ ਦਾ ਤਰੀਕਾ

ਤੁਹਾਨੂੰ ਇਹ ਟੈਸਟ ਕਿਟ ਤੁਹਾਡੀ ਬਿਮਾਰੀ ਦੀਆਂ ਨਿਸ਼ਾਨੀਆਂ ਦੇ ਕਾਰਨਾ ਬਾਰੇ ਪਤਾ ਲਗਾਉਣ ਲਈ ਦਿੱਤੀ ਗਈ ਹੈ। ਐਫ ਆਈ ਟੀ ਇਕ ਟੈਸਟ ਹੈ ਜਿਹੜਾ ਤੁਹਾਡੀ ਟੱਟੀ ਦੇ ਨਮੂਨੇ ਵਿਚ ਖੂਨ ਹੋਣ ਬਾਰੇ ਪਤਾ ਲਗਾਉਂਦਾ ਹੈ। ਇਹ ਖੂਨ ਦੇ ਬਹੁਤ ਥੋੜੇ ਜਿਹੇ ਕਤਰੇ ਦੇ ਹੋਣ ਬਾਰੇ ਪਤਾ ਲਗਾਉਂਦਾ ਹੈ ਜਿਸ ਨੂੰ ਤੁਸੀਂ ਦੇਖ ਵੀ ਨਹੀਂ ਸਕਦੇ ਹੋ।

1



ਟਾਇਲਟ ਤੇ ਬਹਿਣ ਤੋਂ ਪਹਿਲਾਂ ਆਪਣੀ ਟੱਟੀ ਦਾ ਨਮੂਨਾ ਲੈਣ ਲਈ ਜੋ ਕੁਝ ਚਾਹੀਦਾ ਹੈ ਉਹ ਤਿਆਰ ਰੱਖੋ।

2



ਲੇਬਲ ਤੇ ਆਪਣਾ ਨਾਮ, ਜਨਮ ਤਰੀਕ ਅਤੇ ਟੱਟੀ ਦਾ ਨਮੂਨਾ ਲੈਣ ਦੀ ਤਰੀਕ, ਨਮੂਨਾ ਲੈਣ ਤੋਂ ਪਹਿਲਾਂ ਲਿਖੋ। ਲਿਖਣ ਲਈ ਕਾਲੀ ਜਾਂ ਨੀਲੀ ਸਿਆਹੀ ਵਾਲਾ ਪੈਨ ਵਰਤੋ। ਜੇ ਲੇਬਲ ਤੇ ਪਹਿਲਾਂ ਹੀ ਤੁਹਾਡੀ ਜਾਣਕਾਰੀ ਹੈ, ਤਾਂ ਕਿਰਪਾ ਕਰਕੇ ਚੈੱਕ ਕਰੋ ਕਿ ਉਹ ਸਹੀ ਹੈ।

3



ਆਪਣੀ ਟੱਟੀ ਦਾ ਨਮੂਨਾ ਲੈਣਾ - ਇਸ ਪਰਚੇ ਦੇ ਉਲਟੇ ਪਾਸੇ ਅਸੀਂ ਤੁਹਾਨੂੰ ਇਹ ਕਿਵੇਂ ਕਰਨ ਬਾਰੇ ਕੁਝ ਤਰੀਕੇ ਦੱਸੇ ਹਨ। ਆਪਣੀ ਟੱਟੀ ਨੂੰ ਪਾਣੀ ਜਾਂ ਟਾਇਲਟ ਨਾਲ ਲੱਗਣ ਨਾ ਦਿਉ।

4



ਨਮੂਨਾ ਪਾਉਣ ਵਾਲੀ ਬੋਤਲ ਦਾ ਢੱਕਣ ਖੋਲੋ। ਡੰਡੀ ਨੂੰ ਉਦੋਂ ਤੱਕ ਰਗੜੋ ਜਦੋਂ ਤੱਕ ਟੱਟੀ ਝਰੀਟਾਂ ਵਿਚ ਵੜ ਨਹੀਂ ਜਾਂਦੀ। ਜਾਂਚ ਕਰਨ ਲਈ ਟੱਟੀ ਦਾ ਥੋੜਾ ਜਿਹਾ ਨਮੂਨਾ ਚਾਹੀਦਾ ਹੈ। ਕਿਰਪਾ ਕਰਕੇ ਜ਼ਿਆਦਾ ਨਾ ਪਾਉ।

5



ਡੰਡੀ ਵਾਪਸ ਬੋਤਲ ਵਿਚ ਪਾ ਦਿਉ ਅਤੇ ਢੱਕਣ ਨੂੰ ਬੰਦ ਕਰੋ। ਵਰਤਣ ਤੋਂ ਬਾਅਦ ਬੋਤਲ ਨੂੰ ਦੁਬਾਰਾ ਨਾ ਖੋਲੋ।
ਕਿਰਪਾ ਕਰਕੇ ਆਪਣੇ ਹੱਥ ਧੋਅ ਲਵੋ।

6



ਡਾਕਟਰ ਨੇ ਤੁਹਾਨੂੰ ਦੱਸਿਆ ਹੋਵੇਗਾ ਕਿ ਕੀ ਤੁਸੀਂ ਇਹ ਕਿਟ ਲਾਬੋਟਰੀ ਨੂੰ ਪੋਸਟ ਕਰਨੀ ਹੈ ਜਾਂ ਉਨ੍ਹਾਂ ਨੂੰ ਦੇਣੀ ਹੈ।

**ਨੋਟ ਕਰੋ: ਇਸ ਤਸਵੀਰ ਵਿਚ ਦਿਖਾਈ ਗਈ ਐਫ ਆਈ ਟੀ ਕਿਟ ਅਲੱਗ ਤਰੀਕੇ ਦੀ ਹੋ ਸਕਦੀ ਹੈ** ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਥੇ ਰਹਿੰਦੇ ਹੋ।

# ਟੱਟੀ ਦਾ ਨਮੂਨਾ ਲੈਣ ਦੇ ਤਰੀਕੇ

ਇਥੇ ਤੁਹਾਨੂੰ ਆਪਣੀ ਟੱਟੀ ਦਾ ਨਮੂਨਾ ਲੈਣ ਲਈ ਕੁਝ ਆਸਾਨ ਤਰੀਕੇ ਦੱਸ ਰਹੇ ਹਾਂ। ਇਸ ਨੂੰ ਅਜ਼ਮਾਉ ਅਤੇ ਪਤਾ ਲਗਾਉ ਕਿ ਕਿਹੜਾ ਤਰੀਕਾ ਤੁਹਾਡੇ ਲਈ ਆਸਾਨ ਹੈ? ਆਪਣੀ ਟੱਟੀ ਨੂੰ ਪਾਣੀ ਜਾਂ ਟਾਇਲਟ ਨਾਲ ਲੱਗਣ ਨਾ ਦਿਉ।

1



ਟਾਇਲਟ ਤੇ ਕਲਿੰਗ ਫਿਲਮ ਲਗਾਉ
(ਚੇਤੇ ਨਾਲ ਦਰਮਿਆਨ ਵਿਚੋਂ ਢੂੰਘਾ ਰੱਖੋ)

2



ਇਕ ਡੱਬਾ ਜਿਸ ਵਿਚ ਅੰਗੂਰ
ਆਉਂਦੇ ਹਨ ਲਵੋ

3



ਟਾਇਲਟ ਪੇਪਰ ਦੀ ਤੈਅ ਮਾਰਕੇ
ਆਪਣੇ ਹੱਥ ਵਿਚ ਫੜੋ

4




ਇਕ ਖਾਲੀ ਸਾਫ ਮਾਰਜਰਿਨ ਜਾਂ
ਆਇਸਕ੍ਰੀਮ ਦਾ ਡੱਬਾ ਲਵੋ

5



ਇਕ੍ ਖਾਲੀ ਸਾਫ ਟੇਕ
ਅਵੇ ਦਾ ਡੱਬਾ ਲਵੋ

6



ਆਪਣੇ ਹੱਥ ਦੁਆਲੇ ਪਲਾਸਟਿਕ ਦਾ
ਬੈਗ ਲਪੇਟੋ, ਜਾਂ ਗਲਵਜ਼ ਪਾਉ

**7 ਇਕ ਬਾਰ ਜਦੋਂ ਤੁਸੀਂ ਆਪਣੀ ਟੱਟੀ ਦਾ ਨਮੂਨਾ ਲੈ ਲਿਆ, ਆਪਣੀ ਟੈਸਟ ਕਿਟ ਵਰਤੋ ਅਤੇ ਨਮੂਨੇ ਨੂੰ ਛੇਤੀ ਤੋਂ ਛੇਤੀ ਭੇਜੋ।**